ਭਾਰਤਮਾਲਾ ਪਰੀਯੋਜਨਾ ਅਧੀਨ ਪੰਜਾਬ ਰਾਜ ਵਿੱਚ ਲੁਧਿਆਣਾ- ਅਜਮੇਰ ਆਰਥਿਕ ਗਲਿਆਰੇ ਦੇ ਵਿਕਾਸ ਲਈ ਲੁਧਿਆਣਾ-ਬਠਿੰਡਾ ਗ੍ਰੀਨਫੀਲਡ ਹਾਈਵੇ ਜ਼ੋ ਕਿ ਪਿੰਡ ਮਹਿਰਾਜ ਪੱਤੀ ਸੰਦਲੀ , ਤਹਿਸੀਲ ਰਾਮਪੁਰਾ ਫੂਲ, ਜਿਲ੍ਹਾ ਬਠਿੰਡਾ ਵਿਖੇ ਅੰਮ੍ਰਿਤਸਰ- ਬਠਿੰਡਾ ਗ੍ਰੀਨ ਫੀਲਡ ਹਾਈਵੇ ਤੋਂ ਸੁਰੂ ਹੋ ਕੇ ਪਿੰਡ ਬੱਲੋਵਾਲ, ਜਿਲ੍ਹਾ ਲੁਧਿਆਣਾ ਦੇ ਨੇੜੇ ਲੁਧਿਆਣਾ-ਕਟੜਾ ਐਕਸਪਰੈਸਵੇ ਸੜਕ ਤੇ ਸਮਾਪਤ ਹੋਣਾ ਹੈ ਦੀ ਈ.ਆਈ.ਏ. ਨੋਟੀਫਿਕੇਸ਼ਨ ਮਿਤੀ 14/9/2006 ਤਹਿਤ ਵਾਤਾਵਰਣ ਪ੍ਰਵਾਨਗੀ ਪ੍ਰਾਪਤ ਕਰਨ ਲਈ ਮੈਸ: ਨੈਸ਼ਨਲ ਹਾਈਵੇਅ ਅਥਾਰਟੀ ਦੁਆਰਾ ਦਾਇਰ ਕੀਤੀ ਗਈ ਅਰਜ਼ੀ ਦੇ ਸਬੰਧ ਵਿੱਚ ਮਿਤੀ 18.10.2021 ਨੂੰ ਸਵੇਰੇ 11:00 ਵਜੇ ਮੀਟਿੰਗ ਹਾਲ, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ ਵਿਖੇ ਜਨਤਕ ਸੁਣਵਾਈ ਦੀ ਕਾਰਵਾਈ।

ਪ੍ਰੋਸੀਡਿੰਗਜ਼ ਦੀ ਨਿਗਰਾਨੀ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ:

1. ਸ੍ਰੀ ਪਰਮਵੀਰ ਸਿੰਘ, ਆਈ.ਏ.ਐਸ.,
   ਵਧੀਕ ਡਿਪਟੀ ਕਮਿਸ਼ਨਰ (ਜ)
   ਬਠਿੰਡਾ।

2. ਇੰਜੀ: ਗੁਰਮੀਤ ਸਿੰਘ,
   ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ,
   ਖੇਤਰੀਦਫਤਰ, ਬਠਿੰਡਾ।

3. ਇੰਜੀ: ਰਵੀਪਾਲ,
   ਸਹਾਇਕ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ,
   ਖੇਤਰੀਦਫਤਰ, ਬਠਿੰਡਾ।

4. ਇੰਜੀ:ਰਵੀਦੀਪ ਸਿੰਗਲਾ,
   ਸਹਾਇਕ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ,
   ਖੇਤਰੀ ਦਫਤਰ, ਬਠਿੰਡਾ।

ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (ਐਨ ਐਚ ਏ ਆਈ) ਨੇ ਵਾਤਾਵਰਣ, ਜੰਗਲਾਤ ਅਤੇ ਮੌਸਮ ਤਬਦੀਲੀ ਮੰਤਰਾਲੇ, ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਲੁਧਿਆਣਾ-ਬਠਿੰਡਾ ਗ੍ਰੀਨਫੀਲਡ ਹਾਈਵੇ ਜ਼ੋ ਕਿ ਪਿੰਡ ਮਹਿਰਾਜ ਪੱਤੀ ਸੰਦਲੀ , ਤਹਿਸੀਲ ਰਾਮਪੁਰਾ ਫੂਲ, ਜਿਲ੍ਹਾ ਬਠਿੰਡਾ ਵਿਖੇ ਅੰਮ੍ਰਿਤਸਰ- ਬਠਿੰਡਾ ਗ੍ਰੀਨ ਫੀਲਡ ਹਾਈਵੇ ਤੋਂ ਸੁਰੂ ਹੋ ਕੇ ਪਿੰਡ ਬੱਲੋਵਾਲ, ਜਿਲ੍ਹਾ ਲੁਧਿਆਣਾ ਦੇ ਨੇੜੇ ਲੁਧਿਆਣਾ-ਕਟੜਾ ਐਕਸਪਰੈਸਵੇ ਸੜਕ ਤੇ ਸਮਾਪਤ ਹੋਣਾ ਹੈ, ਦੀ ਵਾਤਾਵਰਣ ਪ੍ਰਵਾਨਗੀ ਲਈ ਈ.ਆਈ.ਏ. ਨੋਟੀਫਿਕੇਸ਼ਨ ਨੰ. 1533 (ਈ) ਮਿਤੀ 14.09.2006 ਤਹਿਤ ਇੱਕ ਅਰਜ਼ੀ ਸੌਂਪੀ ਗਈ ਸੀ। ਵਾਤਾਵਰਣ, ਜੰਗਲਾਤ ਅਤੇ ਮੌਸਮ ਤਬਦੀਲੀ ਮੰਤਰਾਲੇ, ਭਾਰਤ ਸਰਕਾਰ, ਨਵੀਂ ਦਿੱਲੀ ਨੇ ਐਨ ਐਚ ਏ ਆਈ ਨੂੰ ਈ ਆਈ ਏ ਰਿਪੋਰਟ ਤਿਆਰ ਕਰਨ ਲਈ ਟਰਮਜ਼ ਆਫ ਰੈਫਰੈਂਸ ਜਾਰੀ ਕੀਤੀਆਂ ਸਨ।

ਐਨ ਐਚ ਏ ਆਈ ਨੇ ਐਮ ਓ ਈ ਐਫ ਅਤੇ ਸੀ ਸੀ ਵਲੋਂ ਜਾਰੀ ਕੀਤੇ ਟਰਮਜ਼ ਆਫ ਰੈਫਰੈਂਸ ਦੇ ਆਧਾਰ ਤੇ ਈ ਆਈ ਏ ਰਿਪੋਰਟ ਦਾ ਖਰੜਾ ਤਿਆਰ ਕੀਤਾ ਅਤੇ ਜਨਤਕ ਸੁਣਵਾਈ ਕਰਾਉਣ ਲਈ ਈ ਆਈ ਏ ਦੇ ਖਰੜੇ ਦੀ ਰਿਪੋਰਟ ਦੀਆਂ ਕਾਪੀਆਂ ਡਿਪਟੀ ਕਮਿਸਨਰ, ਬਠਿੰਡਾ, ਚੇਅਰਮੈਨ,ਜਿਲ੍ਹਾ ਪ੍ਰੀਸ਼ਦ, ਬਠਿੰਡਾ, ਜਨਰਲ ਮੈਨੇਜਰ,ਜਿਲ੍ਹਾ ਉਦਯੋਗਿਕ ਕੇਂਦਰ, ਬਠਿੰਡਾ, ਐਮ ਓ ਈ ਐਫ ਅਤੇ ਸੀ ਸੀ ਦੇ ਉੱਤਰੀ ਖੇਤਰੀ ਦਫਤਰ, ਚੰਡੀਗੜ੍ਹ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਖੇਤਰੀ ਦਫਤਰ, ਬਠਿੰਡਾ ਵਿਖੇ ਜ਼ਮ੍ਹਾਂ ਕਰਵਾਈਆਂ ਗਈਆਂ ਸਨ। ਐਨ ਐਚ ਏ ਆਈ ਨੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਮੁੱਖ ਦਫਤਰ, ਪਟਿਆਲਾ ਨੂੰ ਜਨਤਕ ਸੁਣਵਾਈ ਲਈ ਦਰਖਾਸਤ ਦਿੱਤੀ ਜੋ ਕਿ ਵਾਤਾਵਰਣ ਪ੍ਰਵਾਨਗੀ ਦੀ ਪ੍ਰਕਿਰਿਆ ਦਾ ਹੀ ਪੜਾਅ ਹੈ।ਇਸ ਅਨੁਸਾਰ ਜਿਲ੍ਹਾ ਪ੍ਰਸ਼ਾਸਨ, ਬਠਿੰਡਾ ਵੱਲੋਂ ਜਨਤਕ ਸੁਣਵਾਈ ਦੀ ਮਿਤੀ 18.10.2021 ਨੂੰ 11:00 ਵਜੇ ਮੀਟਿੰਗ ਹਾਲ, ਡੀ.ਸੀ.ਦਫਤਰ, ਜਿਲ੍ਹਾ ਪ੍ਰਬੰਧਕੀ ਕੰਪਲੈਕਸ,ਬਠਿੰਡਾ ਵਿਖੇ ਨਿਰਧਾਰਤ ਕੀਤੀ ਗਈ ਸੀ। ਇਹ ਜਨਤਕ ਸੁਣਵਾਈ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ 2 ਪ੍ਰਮੁੱਖ ਅਖ਼ਬਾਰਾਂ, "ਦੀ ਹਿੰਦੁਸਤਾਨਟਾਇਮਜ਼ (ਇੰਗਲਿਸ ਡੇਲੀ) ਅਤੇ ਰੋਜ਼ਾਨਾ ਸਪੋਕਸ਼ਮੈਨ (ਪੰਜਾਬੀ ਡੇਲੀ)" ਵਿੱਚ ਮਿਤੀ

Scanned by CamScanner

14.10.2021 ਨੂੰ ਨੋਟਿਸ ਪ੍ਰਕਾਸ਼ਿਤ ਕਰਵਾਇਆ ਗਿਆ ਸੀ ਤਾਂ ਜੋ ਜਨਤਾ ਨੂੰ ਜਨਤਕ ਸੁਣਵਾਈ ਦਾ ਸਮਾਂ, ਮਿਤੀ ਅਤੇ ਸਥਾਨ ਬਾਰੇ ਜਾਣੂ ਕਰਵਾਇਆ ਜਾ ਸਕੇ।

ਜਨਤਕ ਸੁਣਵਾਈ ਵਾਲੇ ਦਿਨ ਮਿਤੀ 18.10.2021 ਨੂੰ ਸਵੇਰੇ 11:00 ਵਜੇ ਕੋਈ ਵੀ ਜਨਤਕ ਪ੍ਰਤੀਨਿਧ ਸੁਣਵਾਈ ਵਾਲੀ ਜਗ੍ਹਾ ਤੇ ਮੌਜੂਦ ਨਹੀਂ ਸੀ। ਪ੍ਰਧਾਨਗੀ ਅਫਸਰ ਨੇ ਸਵੇਰੇ 11:30 ਵਜੇ ਜਨਤਾ ਦੀ ਹਾਜ਼ਰੀ ਦੀ ਉਡੀਕ ਕਰਨ ਦਾ ਫੈਸਲਾ ਕੀਤਾ, ਹਾਲਾਂਕਿ, ਜਨਤਕ ਸੁਣਵਾਈ ਵਿੱਚ ਕੋਈ ਜਨਤਕ ਪ੍ਰਤੀਨਿਧੀ ਸ਼ਾਮਲ ਨਹੀਂ ਹੋਇਆ। ਸਵੇਰੇ 11:30 ਵਜੇ, ਪ੍ਰਧਾਨਗੀ ਅਧਿਕਾਰੀ ਦੇ ਨਿਰਦੇਸ਼ਾਂ ਅਨੁਸਾਰ, ਜਨਤਕ ਸੁਣਵਾਈ ਦੀ ਕਾਰਵਾਈ ਸ਼ੁਰੂ ਕੀਤੀ ਗਈ। ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਵਧੀਕ ਡਿਪਟੀ ਕਮਿਸ਼ਨਰ (ਜਰਨਲ), ਬਠਿੰਡਾ -ਕਮ- ਪ੍ਰੀਜ਼ਾਈਡਿੰਗ ਅਫਸਰ, ਪੀ ਪੀ ਸੀ ਬੀ, ਬਠਿੰਡਾ ਦੇ ਖੇਤਰੀ ਦਫਤਰ ਦੇ ਅਧਿਕਾਰੀਆਂ ਅਤੇ ਐਨ ਐਚ ਏ ਆਈ ਦੇ ਅਧਿਕਾਰੀਆਂ ਅਤੇ ਸਲਾਹਕਾਰਾਂ ਦਾ ਸਵਾਗਤ ਕੀਤਾ। ਉਨ੍ਹਾਂ ਦੱਸਿਆ ਕਿ ਇਹ ਅਰਜ਼ੀ ਭਾਰਤ ਦੇ ਰਾਸ਼ਟਰੀ ਰਾਜਮਾਰਗ ਅਥਾਰਟੀ ਦੁਆਰਾ ਵਾਤਾਵਰਨ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੇ ਦਫਤਰ ਵਿੱਚ ਦਾਇਰ ਕੀਤੀ ਗਈ ਹੈ। ਈ ਆਈ ਏ ਦੇ ਨੋਟੀਫਿਕੇਸ਼ਨ ਨੰ. 1533 (ਈ) ਮਿਤੀ 14.09.2006 ਨੂੰ ਲੁਧਿਆਣਾ-ਬਠਿੰਡਾ ਗ੍ਰੀਨਫੀਲਡ ਹਾਈਵੇ ਦੇ ਵਿਕਾਸ ਲਈ ਜੋ ਕਿ ਪਿੰਡ ਮਹਿਰਾਜ ਪੱਤੀ ਸੰਦਲੀ, ਤਹਿਸੀਲ ਰਾਮਪੁਰਾ ਫੂਲ, ਜਿਲ੍ਹਾ ਬਠਿੰਡਾ ਵਿਖੇ ਅੰਮ੍ਰਿਤਸਰ-ਬਠਿੰਡਾ ਗ੍ਰੀਨਫੀਲਡ ਹਾਈਵੇ ਤੋਂ ਸ਼ੁਰੂ ਹੁੰਦਾ ਹੈ ਅਤੇ ਲੁਧਿਆਣਾ-ਅਜਮੇਰ ਆਰਥਿਕ ਗਲਿਆਰੇ ਦੇ ਹਿੱਸੇ ਵਜੋਂ ਪਿੰਡ ਬੱਲੋਵਾਲ, ਜਿਲ੍ਹਾ ਲੁਧਿਆਣਾ ਦੇ ਨੇੜੇ ਦਿੱਲੀ-ਕਟੜਾ ਐਕਸਪ੍ਰੈਸਵੇ ਦੇ ਚੌਰਾਹੇ ਤੇ ਸਮਾਪਤ ਹੁੰਦਾ ਹੈ। ਫਿਰ ਉਨ੍ਹਾਂ ਨੇ ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਟੀ ਦੁਆਰਾ ਦਾਇਰ ਅਰਜ਼ੀ ਤੇ ਉਕਤ ਮੰਨਜ਼ੂਰੀ ਲਈ ਫੈਸਲਾ ਕਰਨ ਤੋਂ ਪਹਿਲਾ ਜਨਤਕ ਸੁਣਵਾਈ ਦੀ ਲੋੜ ਬਾਰੇ ਜਾਣੂ ਕਰਵਾਇਆ।

ਇਸ ਤੋਂ ਬਾਅਦ, ਉਨ੍ਹਾਂ ਐਨ ਐਚ ਏ ਆਈ ਦੇ ਸਲਾਹਕਾਰ ਨੂੰ ਪ੍ਰੋਜੈਕਟ ਬਾਰੇ ਇੱਕ ਸੰਖੇਪ ਪੇਸ਼ਕਾਰੀ ਦੇਣ ਦੀ ਬੇਨਤੀ ਕੀਤੀ। ਸ. ਸਰਬਪ੍ਰੀਤ ਸਿੰਘ (ਯੂ ਆਰ ਆਸ ਸਕੌਟ ਵਿਲਸਨ ਇੰਡੀਆ ਪ੍ਰਾਈਵੇਟ ਲਿਮਟਿਡ ਅਤੇ ਏ ਸੀ ਕੌਮ ਇੰਡੀਆ ਪ੍ਰਾਈਵੇਟ ਲਿਮਟਿਡ) ਨੇ ਪ੍ਰੋਜੈਕਟ ਪ੍ਰਸਤਾਵ ਦੇ ਵੇਰਵੇ ਸਾਹਮਣੇ ਲਿਆਂਦੇ ਜੋ ਹੇਠ ਲਿਖੇ ਅਨੁਸਾਰ ਹਨ:-

ਇਹ ਪ੍ਰੋਜੈਕਟ ਇੱਕ ਗ੍ਰੀਨਫੀਲਡ ਪ੍ਰੋਜੈਕਟ (ਬਠਿੰਡਾ-ਲੁਧਿਆਣਾ) ਹੈ ਜਿਸਦੀ 6 ਲੇਨ ਹੋਵੇਗੀ ਅਤੇ ਚੌੜਾਈ 60 ਮੀਟਰ ਹੋਵੇਗੀ। ਪ੍ਰੋਜੈਕਟ ਲੁਧਿਆਣਾ-ਅਜਮੇਰ ਆਰਥਿਕ ਗਲਿਆਰੇ ਦਾ ਹਿੱਸਾ ਹੋਵੇਗਾ ਅਤੇ ਪ੍ਰੋਜੈਕਟ ਜਿਲ੍ਹਾ ਬਠਿੰਡਾ ਦੇ ਰਾਮਪੁਰਾ ਫੂਲ ਦੇ ਨੇੜੇ ਪਿੰਡ ਮਹਿਰਾਜ ਪੱਤੀ ਸੰਦਲੀ ਤੋਂ ਸੁਰੂ ਹੋ ਕੇ ਦਿੱਲੀ -ਕੱਟੜਾ ਐਕਸਪ੍ਰੈਸਵੇਅ ਦੇ ਚੌਰਾਹੇ ਤੇ ਪਿੰਡ ਬੱਲੋਵਾਲ, ਜਿਲ੍ਹਾ ਲੁਧਿਆਣਾ ਦੇ ਨੇੜੇ ਸਮਾਪਤ ਹੋਵੇਗਾ। ਪ੍ਰੋਜੈਕਟ ਦੇ ਇਸ ਹਿੱਸੇ ਦੀ ਕੁੱਲ ਲੰਬਾਈ ਲਗਭਗ 13.21 ਕਿਲੋਮੀਟਰ ਹੋਵੇਗੀ, ਹਾਲਾਂਕਿ, ਕੁੱਲ ਪ੍ਰੋਜੈਕਟ ਦੀ ਲੰਬਾਈ 75.543 ਕਿਲੋਮੀਟਰ ਹੋਵੇਗੀ। ਇਹ ਪ੍ਰੋਜੈਕਟ ਜਿਲ੍ਹਾ ਬਠਿੰਡਾ ਦੇ 7 ਪਿੰਡਾਂ ਵਿੱਚੋਂ ਲੰਘੇਗਾ। ਇਸ ਪ੍ਰੋਜੈਕਟ ਵਿੱਚ ਦੋ ਪ੍ਰਮੁੱਖ ਇੰਟਰਚੇਜ਼ ਦਿੱਤੇ ਗਏ ਹਨ, ਇੱਕ ਅੰਮ੍ਰਿਤਸਰ-ਬਠਿੰਡਾ ਚੌਰਾਹੇ ਤੇ ਅਤੇ ਦੂਜਾ ਬਾਜਾਖਾਨਾ-ਭਦੌੜ ਰੋਡ ਤੇ ਪਿੰਡ ਸਹਿਣਾ ਵਿਖੇ ਹੈ। ਪ੍ਰੋਜੈਕਟ ਦਾ ਮੁੱਖ ਲਾਭ ਯਾਤਰਾ ਦੇ ਸਮੇਂ ਵਿੱਚ ਬਚਤ ਕਰਨਾ ਹੈ ਕਿਉਂਕਿ ਇਹ ਪ੍ਰੋਜੈਕਟ ਬਰਨਾਲਾ- ਰਾਏਕੋਟ-ਮੁੱਲਾਂਪੁਰ ਰਾਹੀਂ ਮੌਜੂਦਾ ਰਸਤੇ ਨਾਲੋਂ ਛੋਟਾ ਹੋਵੇਗਾ। ਇਹ ਪ੍ਰੋਜੈਕਟ ਨਾ ਸਿਰਫ ਪ੍ਰਦੂਸ਼ਣ ਅਤੇ ਟ੍ਰੈਫਿਕ ਨੂੰ ਘਟਾਏਗਾ ਸਗੋਂ ਵਾਹਨਾਂ ਦੀ ਗਤੀ ਨੂੰ ਵੀ ਵਧਾਏਗਾ। ਇਹ ਪ੍ਰੋਜੈਕਟ ਹਲਵਾਰਾ ਦੇ ਨੇੜੇ ਪ੍ਰਸਤਾਵਿਤ ਅੰਤਰਰਾਸ਼ਟਰੀ ਹਵਾਈ ਅੱਡੇ ਨਾਲ ਸਿੱਧਾ ਸੰਪਰਕ ਯਕੀਨੀ ਬਣਾਏਗਾ। ਜਿੱਥੋਂ ਤੱਕ ਵਾਤਾਵਰਣ ਸਬੰਧੀ ਮੁੱਦਿਆਂ ਦੀ ਗੱਲ ਹੈ, ਇਸ ਪ੍ਰੋਜੈਕਟ ਦੀ ਈ.ਆਈ.ਏ. ਰਿਪੋਰਟ ਹਵਾ ਦੀ ਗੁਣਵੱਤਾ, ਆਵਾਜ਼ ਦੀ ਗੁਣਵੱਤਾ, ਮਿੱਟੀ ਅਤੇ ਪਾਣੀ ਦੇ ਸੰਬੰਧਿਤ ਸਰਵੇਖਣ ਕਰਨ ਉਪਰੰਤ ਅਤੇ ਉਸ ਦੇ ਵਾਤਾਵਰਣ ਪ੍ਰਤੀ ਅਨੁਪਾਤ ਘਟਾਉਣ ਦੇ ਉਪਾਅ ਅਪਣਾਉਂਦੇ ਹੋਏ ਤਿਆਰ ਕੀਤੀ ਗਈ ਹੈ ਜੋ ਕਿ ਐਮ ਓ ਈ ਐਫ ਅਤੇ ਸੀ.ਸੀ. ਨੂੰ ਸੌਂਪੀ ਗਈ ਹੈ। ਇਸ ਰਿਪੋਰਟ ਅਨੁਸਾਰ ਪ੍ਰੋਜੈਕਟ ਲਈ 1.5 ਹੈਕਟੇਅਰ ਅਣ-ਸੁਰੱਖਿਅਤ ਜੰਗਲਾਤ ਵਿੱਚ ਰੁੱਖਾਂ ਦੀ ਕਟਾਈ ਹੋਵੇਗੀ ਜਿਸ ਵਿੱਚ 180-200 ਦਰੱਖਤ ਕੱਟੇ ਜਾਣਗੇ ਅਤੇ ਇਨ੍ਹਾਂ ਕੱਟੇ ਹੋਏ ਰੁੱਖਾਂ ਦੇ ਬਦਲੇ ਕੰਪਨਸੇਟਰੀ ਏਫੋਰਿਸਟੇਸ਼ਨ ਦੇ ਤਹਿਤ 10 ਗੁਣਾ ਨਵੇਂ ਰੁੱਖ ਲਗਾਏ ਜਾਣਗੇ।

Scanned by CamScanner

ਪ੍ਰਧਾਨਗੀ ਅਫਸਰ ਨੇ ਪੁੱਛਿਆ ਕਿ ਕੀ ਰੁੱਖਾਂ ਦੀ ਕਟਾਈ ਤੋਂ ਇਲਾਵਾ ਵਾਤਾਵਰਣ ਤੇ ਕੋਈ ਹੋਰ ਪ੍ਰਭਾਵ ਵੀ ਪਵੇਗਾ, ਜਿਸ ਬਾਰੇ ਸਲਾਹਕਾਰ ਨੇ ਦੱਸਿਆ ਕਿ ਪ੍ਰੋਜੈਕਟ ਦੀ ਜਗ੍ਹਾ ਅਧੀਨ ਕੋਈ ਜੰਗਲੀ ਜੀਵ / ਸੁਰੱਖਿਅਤ ਜੰਗਲ / ਰਾਖਵਾਂ ਜੰਗਲ / ਜਲ ਸੰਸਥਾ ਨਹੀਂ ਹੈ, ਇਸ ਲਈ ਵਾਤਾਵਰਣ ਤੇ ਕੋਈ ਹੋਰ ਪ੍ਰਭਾਵ ਨਹੀਂ ਪਵੇਗਾ।

ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਅੱਗੇ ਦੱਸਿਆ ਕਿ ਜਨਤਕ ਸੁਣਵਾਈ ਦੇ ਸਬੰਧ ਵਿੱਚ ਪ੍ਰੋਜੈਕਟ ਅਧੀਨ ਆਉਂਦੇ ਸੱਤ ਪਿੰਡਾਂ ਵਿੱਚ ਜਾਗਰੂਕਤਾ ਅਭਿਆਨ ਚਲਾਇਆ ਗਿਆ ਸੀ, ਜਿਸ ਰਾਹੀ ਲੋਕਾਂ ਨੂੰ ਅੱਜ ਦੀ ਜਨਤਕ ਸੁਣਵਾਈ ਬਾਰੇ ਜਾਣੂ ਕਰਵਾਇਆ ਗਿਆ ਸੀ, ਪਰ ਨਿਰਧਾਰਤ ਸਮੇਂ ਤੋਂ ਅੱਧਾ ਘੰਟਾ ਉਡੀਕ ਕਰਨ ਦੇ ਬਾਵਜੂਦ ਵੀ ਕੋਈ ਜਨਤਕ ਪ੍ਰਤੀਨਿਧੀ ਹਾਜ਼ਰ ਨਹੀਂ ਹੋਇਆ। ਫਿਰ ਉਨ੍ਹਾਂ ਦੱਸਿਆ ਕਿ ਪ੍ਰੋਜੈਕਟ ਨੂੰ ਵਾਤਾਵਰਣ ਸਬੰਧੀ ਮੰਨਜ਼ੂਰੀ ਦੇਣ ਦਾ ਅੰਤਮ ਫੈਸਲਾ ਐਮ ਓ ਈ ਐਫ ਅਤੇ ਸੀ.ਸੀ. ਦੇ ਕੋਲ ਹੈ ।

ਪ੍ਰਧਾਨਗੀ ਅਫਸਰ ਨੇ ਫਿਰ ਦੁਹਰਾਇਆ ਕਿ ਉਹ ਸੰਤੁਸ਼ਟ ਹਨ ਕਿ ਪ੍ਰੋਜੈਕਟ ਦੇ ਵਾਤਾਵਰਣ ਦੇ ਪਹਿਲੂਆਂ ਨਾਲ ਸਬੰਧਤ ਲੋਕਾਂ ਤੋਂ ਕੋਈ ਇਤਰਾਜ਼ ਪ੍ਰਾਪਤ ਨਹੀਂ ਹੋਇਆ ਹੈ। ਵਾਤਾਵਰਣ ਪ੍ਰਭਾਵ ਮੁਲਾਂਕਣ ਲਈ ਕੀਤੇ ਗਏ ਅਧਿਐਨ ਵਿੱਚ ਸਾਰੇ ਮੁੱਦਿਆਂ ਦਾ ਧਿਆਨ ਰੱਖਿਆ ਗਿਆ ਹੈ। ਇਸ ਤੋਂ ਇਲਾਵਾ, ਇਸ ਪ੍ਰੋਜੈਕਟ ਦੇ ਕਾਰਨ ਵਾਤਾਵਰਣ ਉੱਪਰ ਨਕਾਰਾਤਮਕ ਦੀ ਬਜਾਏ ਸਕਾਰਾਤਮਕ ਪ੍ਰਭਾਵ ਪਵੇਗਾ। ਜਿਵੇਂ ਕਿ ਸਲਾਹਕਾਰ ਨੇ ਦੱਸਿਆ ਕਿ ਇੱਥੇ ਕੋਈ ਸੁਰੱਖਿਅਤ ਰਾਖਵਾਂ ਜੰਗਲ / ਸੁਰੱਖਿਅਤ ਜੰਗਲੀ ਜੰਗਲੀ ਜੀਵ / ਸੁਰੱਖਿਅਤ ਬਨਸਪਤੀ- ਜੀਵ ਨਹੀਂ ਹੈ ਅਤੇ ਰੁੱਖਾਂ ਦੀ ਕਟਾਈ ਤੋਂ ਇਲਾਵਾ ਹੋਰ ਕੋਈ ਵੱਡਾ ਵਾਤਾਵਰਣ ਪ੍ਰਭਾਵ ਨਹੀਂ ਹੈ ਜਿਸਨੂੰ ਕੰਪਨਸੇਟਰੀ ਏਫਿਰੋਸਿਟੇਸ਼ਨ ਨਾਲ ਸੰਭਾਲਿਆ ਜਾਵੇਗਾ।

ਪ੍ਰਧਾਨਗੀ ਅਫਸਰ ਨੇ ਪ੍ਰੋਜੈਕਟ ਦੇ ਸਮਾਜਿਕ ਪ੍ਰਭਾਵਾਂ ਬਾਰੇ ਵੀ ਪੁੱਛਿਆ ਅਤੇ ਸਲਾਹਕਾਰ ਨੇ ਦੱਸਿਆ ਕਿ ਲਗਭਗ 90 ਹੈਕਟੇਅਰ ਜਮੀਨ ਐਕੁਆਇਰ ਕੀਤੀ ਗਈ ਹੈ ਅਤੇ ਸਮਾਜਿਕ ਸਰਵੇਖਣ ਅਨੁਸਾਰ ਪ੍ਰਭਾਵਿਤ ਹੋਣ ਵਾਲੇ ਰਕਬੇ ਵਿੱਚ ਖੇਤੀਬਾੜੀ ਪੰਪ ਹਾਊਸ ਅਤੇ ਪਸ਼ੂਆਂ ਦੇ ਸ਼ੈੱਡ ਹੀ ਹਨ, ਜਿਨ੍ਹਾਂ ਨੂੰ ਢੁੱਕਵਾ ਮੁਆਵਜਾ ਦੇ ਦਿੱਤਾ ਗਿਆ ਹੈ ਅਤੇ ਕੋਈ ਵੀ ਰਿਹਾਇਸ਼ੀ ਘਰ ਪ੍ਰਭਾਵਿਤ ਨਹੀਂ ਹੋਵੇਗਾ। ਪ੍ਰਧਾਨਗੀ ਅਫਸਰ ਨੇ ਅੱਗੇ ਦੁਹਰਾਇਆ ਕਿ ਜ਼ਿਲ੍ਹਾ ਬਠਿੰਡਾ ਵਿੱਚ ਕੁੱਲ 91.87 ਹੈਕਟੇਅਰ ਜ਼ਮੀਨ ਪ੍ਰਭਾਵਿਤ ਹੋਵੇਗੀ ਅਤੇ ਕੋਈ ਵੀ ਵੱਡਾ ਸਮਾਜਿਕ ਪ੍ਰਭਾਵ ਨਹੀਂ ਹੋਵੇਗਾ ਅਤੇ ਪ੍ਰਦੂਸ਼ਣ, ਟ੍ਰੈਫਿਕ ਆਦਿ ਦੇ ਮੱਦੇਨਜ਼ਰ ਵਾਤਾਵਰਣ ਤੇ ਸਕਾਰਾਤਮਕ ਪ੍ਰਭਾਵ ਪਵੇਗਾ ਅਤੇ ਉਹ ਸੰਤੁਸ਼ਟ ਹਨ ਕਿ ਰਿਪੋਰਟ ਨੂੰ ਐਮ ਓ ਈ ਐਫ ਅਤੇ ਸੀ.ਸੀ. ਦੇ ਕੋਲ ਵਿਚਾਰਨ ਲਈ ਭੇਜੀ ਜਾ ਸਕਦੀ ਹੈ।

ਕਿਉਂਕਿ ਕੋਈ ਵੀ ਜਨਤਕ ਪ੍ਰਤੀਨਿਧੀ ਇਸ ਜਨਤਕ ਸੁਣਵਾਈ ਵਿੱਚ ਹਾਜ਼ਰ ਨਹੀਂ ਹੋਇਆ, ਇਸ ਲਈ ਪ੍ਰਧਾਨਗੀ ਅਧਿਕਾਰੀ ਦੇ ਨਿਰਦੇਸ਼ਾਂ ਅਨੁਸਾਰ ਜਨਤਕ ਸੁਣਵਾਈ ਸਮਾਪਤ ਕਰ ਦਿੱਤੀ ਗਈ।

ਸੁਪਰਵਾਈਜ਼ਰ-ਕਮ-ਪ੍ਰਧਾਨਗੀ ਅਧਿਕਾਰੀ ਦਾ ਧੰਨਵਾਦ ਕਰਦਿਆਂ ਜਨਤਕ ਸੁਣਵਾਈ ਖਤਮ ਕੀਤੀ ਗਈ।

Ravideep Singla

ਇੰਜੀ:ਰਵੀਦੀਪ ਸਿੰਗਲਾ,
ਸਹਾਇਕ ਵਾਤਾਵਰਣ ਇੰਜੀਨੀਅਰ,
ਪੀ.ਪੀ.ਸੀ.ਬੀ.,
ਖੇਤਰੀਦਫਤਰ, ਬਠਿੰਡਾ।

੨੧/੫.੧

ਇੰਜੀ:ਰਵੀਪਾਲ ,
ਸਹਾਇਕ ਵਾਤਾਵਰਣ ਇੰਜੀਨੀਅਰ,
ਪੀ.ਪੀ.ਸੀ.ਬੀ.,
ਖੇਤਰੀਦਫਤਰ, ਬਠਿੰਡਾ।

ਇੰਜੀ: ਗੁਰਮੀਤ ਸਿੰਘ,
ਵਾਤਾਵਰਣਇੰਜੀਨੀਅਰ,
ਪੀ.ਪੀ.ਸੀ.ਬੀ.,
ਖੇਤਰੀਦਫਤਰ, ਬਠਿੰਡਾ।

ਸ: ਪਰਮਵੀਰ ਸਿੰਘ, ਆਈ.ਏ.ਐਸ.
ਵਧੀਕ ਡਿਪਟੀ ਕਮਿਸ਼ਨਰ (ਜ)

Scanned by CamScanner